# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

### ਨਗਰ ਨਿਗਮ ਦੀਆਂ ਸੜਕਾਂ ਅਤੇ ਗਲੀਆਂ ਨੂੰ ਨਜਾਇਜ਼ ਤੌਰ ਤੇ ਤੋੜਨ ਵਾਲੀਆਂ ਕੰਪਨੀਆਂ ਦੇ ਖਿਲਾਫ ਹੋਵੇਗੀ ਕਾਰਵਾਈ..........ਕਾਰਜ ਸਾਧਕ ਅਫਸਰ

ਹੁਸ਼ਿਆਰਪੁਰ 15 ਜੁਲਾਈ- ਨਗਰ ਨਿਗਮ ਵਲੋ ਬਣਾਈਆਂ ਗਈਆਂ ਨਵੀਆਂ ਸੜਕਾਂ ਦੀ ਕੁੱਝ ਪ੍ਰਾਇਵੇਟ ਕੰਪਨੀਆਂ ਵਲੋ ਨਜਾਇਜ਼ ਤੌਰ ਤੇ ਤੋੜ ਕੇ ਤਾਰਾਂ ਪਾਉਣ ਦੀ ਕਾਰਵਾਈ ਦਾ ਗੰਭੀਰ ਨੋਟਿਸ ਲੈਂਦੇ ਹੋਏ ਉਨਾਂ ਵਿੱਰੁਧ ਸਖਤ ਕਾਰਵਾਈ ਆਰੰਭ ਕਰ ਦਿੱਤੀ ਹੈ। ਇਹ ਜਾਣਕਾਰੀ ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਨੇ ਦਿੰਦਿਆਂ ਦੱਸਿਆ ਕਿ ਬੀਤੀ ਰਾਤ ਮਾਲ ਰੋਡ ਤੇ ਇਕ ਪ੍ਰਾਇਵੇਟ ਕੰਪਨੀ ਵਲੋ ਨਜਾਇਜ਼ ਤੌਰ ਤੇ ਸੜਕ ਨੂੰ ਤੋੜਣ ਸਬੰਧੀ ਕੀਤੀ ਜਾ ਰਹੀ ਕਾਰਵਾਈ ਦੀ ਸ਼ਹਿਰ ਵਾਸੀਆਂ ਵਲੋ ਫੋਟੋ ਨਗਰ ਨਿਗਮ ਨੂੰ ਭੇਜੇ ਜਾਣ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਕੰਪਨੀ ਦੇ ਖਿਲਾਫ ਨੂੰ ਬਣਦੀ ਕਾਰਵਾਈ ਕਰਨ ਲਈ ਲਿਖਿਆ ਹੈ। ਉਨਾਂ ਦੱਸਿਆ ਕਿ ਇਸੇ ਕੰਪਨੀ ਵਲੋ ਕੁੱਝ ਦਿਨ ਪਹਿਲਾਂ ਵੀ ਮਾਲ ਰੋਡ ਤੇ ਨਜਾਇਜ਼ ਤੌਰ ਤੇ ਤਾਰਾਂ ਪਾਉਣ ਦਾ ਕੰਮ ਕੀਤਾ ਸੀ ਜਿਸ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਮੌਕ ਤੇ ਪਹੁੰਚ ਕੇ ਉਨਾਂ ਦੀਆਂ ਤਾਰਾਂ ਕਬਜ਼ੇ ਵਿੱਚ ਲੈਕੇ ਪੁਲਿਸ ਵਿਭਾਗ ਨੂੰ ਬਣਦੀ ਕਾਰਵਾਈ ਲਈ ਲਿਖਿਆ ਹੈ।

ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਨੇ ਪ੍ਰਾਇਵੇਟ ਕੰਪਨੀਆਂ ਅਤੇ ਸ਼ਹਿਰ ਵਾਸੀਆਂ ਨੂੰ ਕਿਹਾ ਕਿ ਉਹ ਨਗਰ ਨਿਗਮ ਦੀ ਕਿਸੇ ਵੀ ਸੜਕ ਜਾਂ ਗਲੀ ਨੂੰ ਤੋੜਨ/ਪੁੱਟਣ ਤੇ ਪਹਿਲਾਂ ਨਗਰ ਨਿਗਮ ਤੋ ਅਗੇਤੀ ਪ੍ਰਵਾਨਗੀ ਲਈ ਜਾਵੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।